## ਤੁਹਾਡੇ ਯੋਗਦਾਨਾਂ ਦੀ ਤੀਵਰਤਾ

ਕੋਈ ਵੀ ਪੱਕੀ ਤੀਵਰਤਾ ਨਹੀਂ ਹੈ, ਜਿਸ ਨਾਲ ਤੁਸੀਂ ਯੋਗਦਾਨ ਦੇ ਸਕੋਗੇ। ਤੁਸੀਂ ਆਪਣੀ ਸੁਵਿਧਾ ਅਨੁਸਾਰ ਯੋਗਦਾਨ ਦ ਸਕਦੇ ਹੋ। ਤੁਸੀਂ ਹਰ ਮਹੀਨੇ ਯੋਗਦਾਨ ਦ ਸਕਦੇ ਹੋ 3 ਮਹੀਨੇ, 6 ਮਹੀਨੇ ਜਾਂ ਸਲਾਨਾ ਆਧਾਰ ਤੇ। ਸਾਰੇ ਯੋਗਦਾਨ ਸਿੱਧੇ ਬੈਂਕ ਖਾਤੇ ਵਿਚੋਂ ਕੀਤੇ ਜਾਣਗੇ।

## ਤੁਹਾਡੀ ਭਾਰਤ ਵਾਪਸੀ ਤੇ

ਤੁਸੀਂ, ਤੁਹਾਡੀ ਭਾਰਤ ਵਾਪਸੀ ਤੇ ਤੁਹਾਡੇ ਦੁਆਰਾ ਇਕੱਠੀ ਕੀਤੀਆਂ R&R ਬੱਚਤਾਂ ਨੂੰ ਇਕਮੁਸ਼ਤ ਰਾਸ਼ੀ ਵੱਜੋਂ ਨਿਕਾਲ ਸਕੋਗੇ।

NPS-Lite ਵਿਚਲੀਆਂ ਬੱਚਤਾਂ PFRDA ਦੁਆਰਾ ਨਿਯਮਿਤ ਕੀਤੇ ਪੈਨਸ਼ਨ ਫੰਡ ਵਿਚ ਨਿਵੇਸ਼ਿਤ ਰਹਿਣਗਿਆ ਅਤੇ ਤੁਸੀਂ ਤੁਹਾਡੀ ਪੈਨਸ਼ਨ ਲਈ ਨਿਵੇਸ਼ ਕਰਦੇ ਰਹਿ ਸਕਦੇ ਹੋ। ਜਦੋਂ ਤੁਸੀਂ 60 ਸਾਲਾਂ ਦੀ ਉਮਰ ਤੇ ਪਹੁੰਚ ਜਾਂਦੇ ਹੋ, ਤੁਸੀਂ ਤੁਹਾਡੇ NPS-Lite ਖਾਤੇ ਤੋਂ ਆਪਣੀ ਨਿਯਮਤ ਬੱਚਤ ਪ੍ਰਾਪਤ ਕਰਨੀ ਸ਼ੁਰੂਕਰ ਦੇਵੋਗੇ।

## ਤੁਹਾਡੀ ਜਾਣਕਾਰੀ ਦੇ ਸਰ਼ਤ

**MGPSY** ਬਾਰੇ ਕਿਸੇ ਪੁੱਛਗਿੱਛ ਜਾਂ ਜਾਣਕਾਰੀ ਲਈ, ਤੁਸੀ ਇਹ ਕਰ ਸਕਦੇ ਹੋ –

ਟੋਲ ਫ੍ਰੀ ਹੈਲਪ ਲਾਇਨ ਨੂੰ ਫ਼ੋਨ ਕਰੋ:
1800 113 090 (India), 80046342 (UAE)

ਤੁਸੀਂ ਨਜ਼ਦੀਕੀ ਬੈਂਕ ਆਫ਼ਬੜੌਦਾ ਬ੍ਰਾਂਚ ਜਾਂ UAE ਵਿਚ ਇੰਡੀਅਨ ਵਰਕਰਜ਼ਰਿਸੋਰਸ ਸੈਂਟਰ (ਕੰਮਕਾਰੀ ਦਿਨਾਂ ਵਿਚ ਸ਼ਾਮ 3 ਤੋਂ ਸ਼ਾਮ 7 ਤੱਕ) ਤੱਕ ਵੀ ਪਹੁੰਚ ਕਰ ਸਕਦੇ ਹੋ

ਇੱਥੇ ਈਮੇਲ ਲਿਖੋ:
inf.mgpsy@moia.nic.in, help@iwrc-uae.com

प्रवासी भारतीय कार्य मंत्रालय
Ministry of Overseas Indian Affairs
www.moia.gov.in


ਵਿਦੇਸ਼ੀ ਭਾਰਤੀ ਮਾਮਲਿਆਂ ਦਾ ਮੰਤਰਾਲਾ
ਭਾਰਤ ਸਰਕਾਰ
9th Floor, Akbar Bhawan
New Delhi -110 021
ਟੈਲੀ: 1800 113 090 (ਟੋਲ ਫ੍ਰੀ)
ਈਮੇਲ: inf.mgpsy@moia.nic.in
**www.moia.gov.in**


MAHATMA GANDHI
# PRAVASI SURAKSHA YOJANA

# ਮਹਾਤਮਾ ਗਾਂਧੀ ਪਰਵਾਸੀ ਸੁਰੱਕਸ਼ਾ ਯੋਜਨਾ

ਸਾਰੇ ECR ਦੇਸ਼ਾਂ ਵਿਚ ਇਮੀਗ੍ਰੇਸ਼ਨ ਚੈਕ ਰੀਕੁਆਇਰਡ (Emigration Check Required, ECR) ਪਾਸਪੋਰਟਾਂ ਵਾਲੇ ਵਿਦੇਸ਼ੀ ਭਾਰਤੀ ਕਾਮਿਆਂ ਲਈ ਇਕ ਸਮਾਜਕ ਸੁਰੱਖਿਆ ਦੀ ਸਕੀਮ।


प्रवासी भारतीय कार्य मंत्रालय
Ministry of Overseas Indian Affairs
www.moia.gov.in


## ਵਿਦੇਸ਼ੀ ਭਾਰਤੀ ਮਾਮਲਿਆਂ ਦਾ ਮੰਤਰਾਲਾ
## (MOIA)
## ਭਾਰਤ ਸਰਕਾਰ

## MGPSY ਦੇ ਬਾਰੇ

ਇਹ ECR ਦੇਸ਼ਾਂ ਦੇ ਵਿਦੇਸ਼ੀ ਭਾਰਤੀ ਪਰਵਾਸੀ ਕਾਮਿਆਂ ਲਈ MOIA ਦੁਆਰਾ ਖਾਸ ਤੌਰ ਤੇ ਤਿਆਰ ਕੀਤੀ ਗਈ ਸਮਾਜਕ ਸੁਰੱਖਿਆ ਸਕੀਮ ਹੈ। ਇਹ ਇੱਛਕ ਸਕੀਮ ਹੈ। ਜਦੋਂ ਤੁਸੀਂ ਵਿਦੇਸ਼ੀ (ECR) ਦੇਸ਼ਾਂ ਵਿਚ ਕੰਮ ਕਰ ਰਹੇ ਹੁੰਦੇ ਹੋ ਇਹ ਸਕੀਮ ਤੁਹਾਨੂੰ ਮੁਫ਼ਤ ਵਿਚ ਜੀਵਨ ਬੀਮਾ ਕਵਰ ਮੁਹੱਈਆ ਕਰਦੀ ਹੈ ਅਤੇ ਇਹ ਤੁਹਾਨੂੰ ਤੁਹਾਡੇ ਮੁੜ ਵਸੇਬੇ ਅਤੇ ਤੁਹਾਡੀ ਬੁਢਾਪੇ ਦੀ ਪੈਨਸ਼ਨ ਲਈ ਨਿਯਮਤ ਬੱਚਤ ਕਰਨ ਲਈ ਵੀ ਮਦਦ ਕਰਦੀ ਹੈ। MOIA ਤੁਹਾਨੂੰ ਤੁਹਾਡੀ ਪੈਨਸ਼ਨ, ਮੁੜ ਵਸੇਬੇ ਪ੍ਰਤੀ ਯੋਗਦਾਨ ਦੇਣ ਲਈ ਉਤਸ਼ਾਹਤ ਅਤੇ ਸਹਾਇਤਾ ਕਰਦੀ ਹੈ ਅਤੇ ਬਿਨ੍ਹਾਂ ਕਿਸੇ ਅਤਿਰਿਕਤ ਖਰਚ ਦੇ ਤੁਹਾਨੂੰ ਬੀਮਾ ਮੁਹੱਈਆ ਕਰਦੀ ਹੈ।

## MGPSY ਵਿਚ ਤੁਹਾਡੇ ਲਾਭ

ਵਿਦੇਸ਼ੀ ਪ੍ਰਵਾਸੀ ਕਾਮੇ ਜੋ **MGPSY** ਵਿਚ ਸ਼ਾਮਲ ਹੁੰਦੇ ਹਨ 3 ਮਹੱਤਵਪੂਰਨ ਲਾਭ ਪ੍ਰਾਪਤ ਕਰਨਗੇ:-

ਵਿਦੇਸ਼ੀ ਪ੍ਰਵਾਸੀ ਕਾਮੇ ਜੋ **MGPSY** ਵਿਚ ਸ਼ਾਮਲ ਹੁੰਦੇ ਹਨ 3 ਮਹੱਤਵਪੂਰਨ ਲਾਭ ਪ੍ਰਾਪਤ ਕਰਨਗੇ:-

NPS-Lite ਰਾਹੀਂ ਬੁਢਾਪਾ ਪੈਨਸ਼ਨ ਸੁਰੱਖਿਆ

SEBI ਦੁਆਰਾ ਨਿਯਮਿਤ, UTI AMC ਦੁਆਰਾ ਚਲਾਏ ਜਾਂਦੇ ਮਿਊਚੂਅਲ ਫੰਡ (UTI ਮਹੀਨੇਵਾਰ ਆਮਦਨ ਸਕੀਮ) ਰਾਹੀਂ ਰਿਟਰਨ ਐਂਡ ਰਿਸੈਟਲਮੈਂਟ (R&R) ਲਈ ਬੱਚਤਾਂ

LIC ਦੁਆਰਾ ਜੀਵਨ ਬੀਮਾ ਕਵਰ

## MGPSY ਲਈ ਤੁਹਾਡੀ ਯੁਗਤਾ

ਵਿਦੇਸ਼ ਵਿਚ ਕੰਮ ਕਰਨ ਵਾਲੇ ਭਾਰਤੀ ਕਾਮੇ, ਜਿਨ੍ਹਾਂ ਕੋਲ ECR ਪਾਸਪੋਰਟ ਹਨ ਅਤੇ 18 ਸਾਲ ਤੋਂ 50 ਸਾਲ ਦੀ ਉਮਰ ਦੇ ਵਿਚਕਾਰ ਹਨ ਜੋ ਵਿਦੇਸ਼ ਜਾ ਰਹੇ ਹਨ ਜਾਂ ਕਿਸੇ ਰੁਜ਼ਗਾਰ/ਸਮਝੌਤੇ ਵੀਜ਼ਾ ਲਈ ਪਹਿਲਾਂ ਹੀ ਵਿਦੇਸ਼ ਜਾ ਚੁੱਕੇ ਹਨ, ਉਹ **MGPSY** ਵਿਚ ਸ਼ਾਮਲ ਹੋਣ ਦੇ ਯੋਗ ਹਨ।

## ਮੰਤਰਾਲੇ ਦੁਆਰਾ ਕੀਤਾ ਜਾਣ ਵਾਲਾ ਸਹਿ-ਯੋਗਦਾਨ

| ਖ੍ਰੀਦਾਰ | ਪ੍ਰਤੀ ਖ੍ਰੀਦਾਰ ਪ੍ਰਤੀ ਸਾਲ ਨਿਊਨਤਮ ਬੱਚਤਾਂ | ਪ੍ਰਤੀ ਖ੍ਰੀਦਾਰ ਪ੍ਰਤੀ ਸਾਲ ਮੰਤਰਾਲੇ ਦਾ ਯੋਗਦਾਨ | ਪ੍ਰਤੀ ਖ੍ਰੀਦਾਰ ਪ੍ਰਤੀ ਸਾਲ ਕੁੱਲ ਬੱਚਤਾਂ |
|---|---|---|---|
| ਇਸਤਰੀ ਕਾਮੇ | ਰੁ5,000 | ਰੁ2,000+900 | ਰੁ7,900 |
| ਮਰਦ ਕਾਮੇ | ਰੁ5,000 | ਰੁ1,000+900 | ਰੁ6,900 |

MGPSY ਵਿਚ ਮੰਤਰਾਲੇ ਦੁਆਰਾ ਸਹਿ-ਯੋਗਦਾਨ ਪਾਉਣਾ ਸਬਸਕ੍ਰਾਈਬਰ ਦੁਆਰਾ, ਟੂਛ-ਜਵਕ ਅਤੇ ਵ੍ਵ ਸਕੀਮ, ਦੋਵਾਂ ਵਿਚ ਜ਼ਰੂਰੀ ਯੋਗਦਾਨ ਪਾਉਣ ਦਾ ਵਿਸ਼ਾਗੋਚਰ ਹੈ। ਇਹ ਸਹਿ-ਯੋਗਦਾਨ 5 ਸਾਲ ਦੀ ਅਧਿਕਤਮ ਅਵਧੀ ਜਾਂ ਰੁਜ਼ਗਾਰ ਦੀ ਅਵਧੀ, ਜੋ ਵੀ ਪਹਿਲਾਂ ਖਤਮ ਹੁੰਦੀ ਹੈ, ਲਈ ਲਾਗੂਹੋਏਗਾ।

## MGPSY ਵਿਚ ਤੁਹਾਨੂੰ ਸੇਵਾ ਪ੍ਰਦਾਤਾ

**MGPSY** ਦੇ ਅਧੀਨ ਤੁਹਾਨੂੰ ਖ੍ਰੀਦਾਰ ਨਾਲ ਸਬੰਧਤ ਸਾਰੀਆਂ ਸੇਵਾਵਾਂ ਮੰਤਰਾਲੇ ਦੁਆਰਾ ਨਿਯੁਕਤ ਸੇਵਾ ਪ੍ਰਦਾਨ ਕਰਤਾ ਦੁਆਰਾ ਮੁਹੱਈਆ ਕੀਤੀਆਂ ਜਾਣਗੀਆਂ, ਇਕ ਅਜਿਹੀ ਏਜੰਸੀ ਜੋ ਪ੍ਰੋਟੈਕਟਰ ਆਫ਼ਇਮੀਗ੍ਰਾਂਟ (POE) ਦੇ ਦਫ਼ਤਰ ਤੋਂ ਜਾਂ ਆਪਣੇ ਖੁਦ ਦੇ ਦਫ਼ਤਰ ਤੋਂ ਕੰਮ ਕਰੇਗੀ, ਤੁਹਾਡਾ ਨਾਮ **MGPSY** ਲਈ ਦਰਜ਼ ਕਰੇਗੀ। ਅਜਿਹੀਆਂ ਏਜੰਸੀਆਂ ਨਾਲ ਸਬੰਧਤ ਵੇਰਵੇ ਤੁਹਾਡੇ ਨਜ਼ਦੀਕੀ *POE* ਦਫ਼ਤਰ ਤੋਂ ਜਾਂ **MGPSY** ਦੇ ਟੋਲ ਫ੍ਰੀ ਨੰਬਰ 1800-113090 ਤੇ ਕਾਲ ਕਰਕੇ ਪ੍ਰਾਪਤ ਕੀਤੇ ਜਾ ਸਕਦੇ ਹਨ।

## ਬੁਢਾਪੇ ਵਿਚ ਤੁਹਾਡੀ ਪੈਨਸ਼ਨ

ਨਾਮ ਦਰਜ਼ਕਰਵਾਉਣ ਲਈ ਤੁਹਾਨੂੰ ਸੇਵਾ ਪ੍ਰਦਾਤਾ ਵੱਲੋਂ ਸਥਾਪਤ ਕੀਤੇ ਗਏ ਨਾਮ ਦਰਜ਼ਕਰਵਾਉਣ ਦੀ ਥਾਂ ਤੇ ਜਾਣਾ ਪਵੇਗਾ।

ਕਿਰਪਾ ਕਰਕੇ 3 ਪਾਸਪੋਰਟ ਆਕਾਰ ਦੀਆਂ ਫ਼ੋਟੋਆਂ ਅਤੇ ਆਪਣੇ ਪਾਸਪੋਰਟ ਅਤੇ ਪਤੇ ਦੇ ਸਬੂਤ ਦੀ ਤਸਦੀਕਸ਼ੁਦਾ ਨਕਲ ਲੈ ਕੇ ਜਾਓ

ਇਹ ਯਕੀਨੀ ਬਣਾਓ ਕਿ ਤੁਹਾਡੇ ਕੋਲ ਵੈਧ ਬੈਂਕ ਖਾਤਾ ਹੈ, ਆਪਣੇ ਨਾਲ ਆਪਣੀ ਪਾਸਬੁੱਕ/ਚੈਕ ਬੁੱਕ ਲੈ ਕੇ ਜਾਓ

ਤੁਹਾਨੂੰ ਪ੍ਰਣਾਲੀ ਵਿਚੋਂ ਤਿਆਰ ਕੀਤਾ ਗਏ ਸੰਗਠਿਤ MGPSY ਦਰਖਾਸਤ ਫਾਰਮ ਅਤੇ ਤੁਹਾਡੇ MGPSY ਵਿਚ ਤੁਹਾਡੇ ਯੋਗਦਾਨ ਦੇ ਬਿਆਨ ਤੇ ਦਸਤਖਤ ਕਰਨ ਦੀ ਜ਼ਰੂਰਤ ਪਵੇਗੀ।

ਉਹ ਖ੍ਰੀਦਾਰ ਜੋ ਪਹਿਲਾਂ ਹੀ ਵਿਦੇਸ਼ ਵਿਚਲੇ ਦੇਸ਼ ਵਿਚ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਭਾਰਤ ਵਿਚ ਇਕ NRE/NRO ਖਾਤਾ ਖੋਲਣ ਦੀ ਜ਼ਰੂਰਤ ਪਵੇਗੀ।

ਤੁਹਾਡੇ ਕੋਲ ਖਾਤਾ ਨਾ ਹੋਣ ਦੀ ਹਾਲਤ ਵਿਚ ਸੇਵਾ ਪ੍ਰਦਾਤਾ ਖਾਤਾ ਖੋਲਣ ਵਿਚ ਤੁਹਾਡੀ ਮਦਦ ਕਰੇਗਾ

## ਬੁਢਾਪੇ ਵਿਚ ਤੁਹਾਡੀ ਪੈਨਸ਼ਨ

MGPSY ਵਿਚ ਤੁਹਾਡੀ ਪੈਨਸ਼ਨ PFRDA ਦੁਆਰਾ ਨਿਯਮਿਤ NPS-Lite ਸਕੀਮ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ। ਇਹ ਨੈਸ਼ਨਲ ਪੈਨਸ਼ਨ ਸਿਸਟਮ ਦੇ ਅਧੀਨ ਖਾਸ ਤੌਰ ਤੇ ਭਾਰਤੀ ਕਾਮਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੀ ਗਈ ਹੈ।

ਇਹ ਸਕੀਮ ਤੁਹਾਨੂੰ ਤੁਹਾਡੇ ਬੁਢਾਪੇ ਲਈ ਬੱਚਤ ਕਰਨ ਵਿਚ ਮਦਦ ਕਰੇਗੀ। ਤੁਹਾਡੀਆਂ ਬੁਢਾਪੇ ਦੀਆਂ ਬੱਚਤਾਂ ਦਾ ਪ੍ਰਬੰਧ ਭਰੋਸੇਯੋਗ ਜਨਤਕ ਖੇਤਰ ਦੇ ਪੈਨਸ਼ਨ ਫੰਡਜ਼ਦੁਆਰਾ ਕੀਤਾ ਜਾਵੇਗਾ। ਜਦੋਂ ਕਿ ਤੁਸੀਂ ਤੁਹਾਡੇ ਪੈਨਸ਼ਨ ਖਾਤੇ ਵਿਚ ਰੁ.1000 ਤੋਂ ਰੁ.12,000 ਤੱਕ ਬੱਚਤ ਕਰੋਗੇ, ਤੁਸੀਂ ਤੁਹਾਡੇ NPS-Lite ਖਾਤੇ ਵਿਚ ਮਰਦ ਹੋਣ ਦੀ ਹਾਲਤ ਵਿਚ ਰੁ.1,000 ਅਤੇ ਇਸਤਰੀ ਹੋਣ ਦੀ ਹਾਲਤ ਵਿਚ ਰੁ. 2,000 ਦਾ ਸਹਿ-ਯੋਗਦਾਨ ਪ੍ਰਾਪਤ ਕਰੋਗੇ।

## ਤੁਹਾਡੀ ਵਾਪਸੀ ਅਤੇ ਮੁੜਵਸੇਬਾ (ਵ੍ਵ) ਬੱਚਤ

ਤੁਹਾਡੀ ਭਾਰਤ ਵਾਪਸੀ ਤੇ ਤੁਹਾਡੀਆਂ ਤਤਕਾਲੀਨ ਪੈਸੇ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ, MGPSY ਤੁਹਾਨੂੰ R&R ਬੱਚਤ ਦੇ ਰੂਪ ਵਿਚ ਇਕ ਵਿਕਲਪ ਦਿੰਦਾ ਹੈ। R&R ਦੇ ਅਧੀਨ ਤੁਹਾਡੀਆਂ ਬੱਚਤਾਂ ਦਾ ਪ੍ਰਬੰਧਨ UTI AMC ਦੁਆਰਾ ਕੀਤਾ ਜਾਵੇਗਾ ਜੋ ਭਾਰਤ ਦੀਆਂ ਸਭ ਤੋਂ ਪੁਰਾਣੀਆਂ ਵਿੱਤੀ ਸੰਸਥਾਵਾਂ ਵਿਚੋਂ ਇਕ ਹੈ। ਇਹ ਯੋਜਨਾ ਤੁਹਾਨੂੰ, ਤੁਹਾਡੇ ਅਲਪ ਕਾਲ ਦੇ ਮੁੜ ਵਸੇਬੇ ਦੇ ਖਰਚਿਆਂ ਲਈ ਪੈਸੇ ਬਚਾਉਣ ਵਿਚ ਮਦਦ ਕਰੇਗੀ। ਜਦੋਂ ਤੁਸੀਂ ਇਸ ਸਕੀਮ ਵਿਚ ਰੁ. 4,000 ਦਾ ਨਿਵੇਸ਼ ਕਰਦੇ ਹੋ, ਤੁਸੀਂ ਤੁਹਾਡੇ R&R ਖਾਤੇ ਵਿਚ ਮੰਤਰਾਲੇ ਦਾ ਰੁ 900 ਦਾ ਸਹਿ-ਯੋਗਦਾਨ ਵੀ ਪ੍ਰਾਪਤ ਕਰੋਗੇ।

## ਤੁਹਾਡਾ ਜੀਵਨ ਬੀਮਾ

MGPSY ਲਈ ਨਾਮ ਦਰਜ਼ਕਰਵਾਉਣ ਵਾਲੇ ਵਿਦੇਸ਼ੀ ਭਾਰਤੀ ਕਾਮੇ ਦੇ ਤੌਰ ਤੇ ਤੁਹਾਨੂੰ ਜਨਸ਼੍ਰੀ ਬੀਮਾ ਯੋਜਨਾ ਦੇ ਅਧੀਨ ਮੁਫ਼ਤ ਜੀਵਨ ਬੀਮਾ ਕਵਰ ਮੁਹੱਈਆ ਕਰਵਾਇਆ ਜਾਵੇਗਾ। ਜਦੋਂ ਤੱਕ ਤੁਸੀਂ ECR ਦੇਸ਼ ਵਿਚ ਕੰਮ ਕਰ ਰਹੇ ਹੋ, ਬੀਮਾ ਕਵਰ ਤੁਹਾਡੇ ਲਈ ਲਾਗੂਹੋਏਗਾ। ਤੁਸੀਂ ਇਸ ਸਕੀਮ ਦੇ ਅਧੀਨ ਹੇਠ ਲਿਖੇ ਲਾਭ ਪ੍ਰਾਪਤ ਕਰੋਗੇ -

ਕੁਦਰਤੀ ਮੌਤ ਦੀ ਹਾਲਤ ਵਿਚ, ਤੁਹਾਡੇ ਪਰਿਵਾਰ ਨੂੰ LIC ਦੁਆਰਾ ਰੁ. 30,000 ਦਾ ਭੁਗਤਾਨ ਕੀਤਾ ਜਾਵੇਗਾ

ਦੁਰਘਟਨਾ ਦੇ ਕਾਰਨ ਮੌਤ ਜਾਂ ਸਥਾਈ ਅਪੰਗਤਾ ਦੀ ਹਾਲਤ ਵਿਚ LIC ਦੁਆਰਾ ਤੁਹਾਡੇ ਪਰਿਵਾਰ ਜਾਂ ਤੁਹਾਨੂੰ, ਜਿਸ ਤਰ੍ਹਾਂ ਦਾ ਵੀ ਕੇਸ ਹੋਏਗਾ ਰੁ. 75,000 ਦੀ ਰਾਸ਼ੀ ਦਾ ਭੁਗਤਾਨ ਕੀਤਾ ਜਾਵੇਗਾ।

ਜੇ ਤੁਸੀਂ ਦੁਰਘਟਨਾ ਦੇ ਕਾਰਨ ਪੂਰਨ ਅੰਸ਼ਕ ਅਪੰਗ ਹੁੰਦੇ ਹੋ, ਤਾਂ ਤੁਹਾਨੂੰ ਰੁ. 37, 500 ਦਾ ਭੁਗਤਾਨ ਕੀਤਾ ਜਾਵੇਗਾ

## ਤੁਹਾਡੀਆਂ ਬੱਚਤਾਂ ਦਾ ਵਾਧਾ

ਬੱਚਤਾਂ ਦਾ ਪ੍ਰਬੰਧਨ ਮੰਤਰਾਲੇ ਦੁਆਰਾ ਨਿਯੁਕਤ ਇਕ ਉੱਘੇ ਵਿੱਤੀ ਸੰਸਥਾਨ ਦੁਆਰਾ ਕੀਤਾ ਜਾਵੇਗਾ। ਨਿਵੇਸ਼ ਮੁੱਖ ਰੂਪ ਵਿਚ ਸਰਕਾਰੀ ਬਾਂਡਜ਼ ਵਿਚ ਕੀਤਾ ਜਾਵੇਗਾ ਅਤੇ ਤੁਹਾਡੀਆਂ ਬੱਚਤਾਂ ਦੇ ਛੋਟੇ ਜਿਹੇ ਹਿੱਸੇ ਨੂੰ PFRDA ਅਤੇ SEBI - ਇਹ 2 ਏਜੰਸੀਆਂ ਭਾਰਤ ਸਰਕਾਰ ਦੁਆਰਾ ਤੁਹਾਡੇ ਹਿੱਤਾਂ ਅਤੇ ਹੱਕਾਂ ਦੀ ਸੁਰੱਖਿਆ ਲਈ ਸਥਾਪਤ ਕੀਤੀਆਂ ਗਈਆਂ ਹਨ, ਦੇ ਨਿਯਮਾਂ ਦੇ ਅਨੁਸਾਰ ਵੱਡੀਆਂ ਕੰਪਨੀਆਂ ਦੇ ਸ਼ੇਅਰਾਂ ਵਿਚ ਨਿਵੇਸ਼ਿਤ ਕੀਤਾ ਜਾਵੇਗਾ।

NPS-Lite ਅਤੇ UTI MIS ਵਿਚਲੀਆਂ ਤੁਹਾਡੀਆਂ ਬੱਚਤਾਂ ਜਿਸ ਦਰ ਤੇ ਵੱਧਣਗੀਆਂ ਉਹ ਪੱਕਾ ਜਾਂ ਗਰੰਟੀਸ਼ੁਦਾ ਨਹੀਂ ਹੈ। ਸਕੀਮ ਦੇ ਅਧੀਨ ਮਿਲਣ ਵਾਲੇ ਰਿਟਰਨ ਮਾਰਕੀਟ ਦੁਆਰਾ ਨਿਰਧਾਰਤ ਹੁੰਦੇ ਹਨ।